**2023 ਖਪਤ ਵਾਊਚਰ ਸਕੀਮ ਦੂਜੀ ਕਿਸ਼ਤ**

**ਜਾਣਕਾਰੀ ਸਬੰਧੀ ਟਿੱਪਣੀਆਂ**

2023 ਖਪਤ ਵਾਊਚਰ ਸਕੀਮ ਦੀ ਦੂਜੀ ਕਿਸ਼ਤ ("ਸਕੀਮ") ਦੇ ਤਹਿਤ, ਸਥਾਨਕ ਖਪਤ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਹਰ ਯੋਗ ਵਿਅਕਤੀ ਨੂੰ ਇਲੈਕਟ੍ਰਾਨਿਕ ਖਪਤ ਵਾਊਚਰ ਵੰਡੇ ਜਾਣਗੇ, ਤਾਂ ਜੋ ਆਰਥਿਕ ਰਿਕਵਰੀ ਦੀ ਪ੍ਰੇਰਣਾ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਇਲੈਕਟ੍ਰਾਨਿਕ ਭੁਗਤਾਨ ਦੀ ਵਿਆਪਕ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

**<u>ਯੋਗਤਾ ਦੇ ਮਾਪਦੰਡ</u>**

ਰਜਿਸਟਰਕਰਤਾ ਨੂੰ ਹੇਠਾਂ ਦਿੱਤੇ ਮਾਪਦੰਡ ਪੂਰੇ ਕਰਨੇ ਚਾਹੀਦੇ ਹਨ[ਨੋਟ1] -

(A) 29 ਮਈ 2023 ("ਯੋਗਤਾ ਮਿਤੀ") ਨੂੰ ਜਾਂ ਇਸ ਤੋਂ ਪਹਿਲਾਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੋਣਾ ਚਾਹੀਦਾ ਹੈ; ਅਤੇ

(B) ਯੋਗਤਾ ਮਿਤੀ 'ਤੇ,

(i) ਹਾਂਗਕਾਂਗ ਦਾ ਇੱਕ ਸਥਾਈ ਨਿਵਾਸੀ ਹੋਣ ਦੇ ਨਾਤੇ, ਜਿਸ ਕੋਲ ਇੱਕ ਮੰਨਣਯੋਗ ਹਾਂਗਕਾਂਗ ਪਰਮਾਨੈਂਟ ਆਈਡੈਂਟਿਟੀ ਕਾਰਡ ("HKPIC")[ਨੋਟ 2] ਜਾਂ ਰਜਿਸਟ੍ਰੇਸ਼ਨ ਆਫ ਪਰਸਨਜ਼ ਰੈਗੂਲੇਸ਼ਨ, ਕੈਪ. 177A[ਨੋਟ 3] ਤਹਿਤ ਕਮਿਸ਼ਨਰ ਦੁਆਰਾ ਜਾਰੀ ਕੀਤਾ ਗਿਆ ਇੱਕ ਮੰਨਣਯੋਗ ਛੋਟ ਸਰਟੀਫਿਕੇਟ ("EC") ਹੋਣਾ ਚਾਹੀਦਾ ਹੈ; ਜਾਂ

(ii) ਹਾਂਗਕਾਂਗ ਨਿਵਾਸੀ ਹੋਣ ਦੇ ਨਾਤੇ, ਜਿਸ ਕੋਲ ਇੱਕ ਮੰਨਣਯੋਗ ਹਾਂਗਕਾਂਗ ਪਛਾਣ ਪੱਤਰ ("HKIC") [ਨੋਟ [4]] ਜਾਂ EC[ਨੋਟ [5]] ਵਿਅਕਤੀਆਂ ਦੀ ਰਜਿਸਟ੍ਰੇਸ਼ਨ ਰੈਗੂਲੇਸ਼ਨ, ਕੈਪ. 177A ਤਹਿਤ ਰਜਿਸਟਰੇਸ਼ਨ ਕਮਿਸ਼ਨਰ ਦੁਆਰਾ ਜਾਰੀ ਕੀਤਾ ਗਿਆ ਹੈ, ਜੋ ਹਾਂਗਕਾਂਗ ਅਤੇ ਮਕਾਓ (ਆਮ ਤੌਰ 'ਤੇ "ਵਨ ਵੇ ਪਰਮਿਟ" ਵਜੋਂ ਜਾਣਿਆ ਜਾਂਦਾ ਹੈ) ਜਾਣ ਲਈ ਪਰਮਿਟ 'ਤੇ ਹਾਂਗਕਾਂਗ ਆਇਆ ਹੈ ਜਾਂ, ਉਪਰੋਕਤ (B)(i) ਦੁਆਰਾ ਸਪਾਂਸਰ ਕੀਤੇ ਨਿਰਭਰ ਵਜੋਂ, ਜਿਸ ਕੋਲ ਹਾਂਗਕਾਂਗ ਵਿੱਚ ਰਹਿਣ ਦੀ ਮੰਨਣਯੋਗ ਇਜਾਜ਼ਤ ਹੈ[ਨੋਟ [6]]; ਜਾਂ

(iii) ਨੋਟ 7 ਦੇ ਅਧੀਨ, ਹਾਂਗਕਾਂਗ ਦਾ ਨਿਵਾਸੀ ਹੋਣ ਦੇ ਨਾਤੇ, ਜਿਸ ਕੋਲ ਇੱਕ ਮੰਨਣਯੋਗ HKIC[ਨੋਟ [4]] ਜਾਂ EC[ਨੋਟ [5]] ਹੈ, ਜੋ ਵਿਅਕਤੀ ਰਜਿਸਟਰੇਸ਼ਨ ਆਫ਼ ਪਰਸਨਜ਼ ਰੈਗੂਲੇਸ਼ਨਜ਼, ਕੈਪ. 177A ਦੇ ਅਧੀਨ ਰਜਿਸਟ੍ਰੇਸ਼ਨ ਕਮਿਸ਼ਨਰ ਦੁਆਰਾ ਜਾਰੀ ਕੀਤਾ ਗਿਆ ਹੁੰਦਾ ਹੈ।ਜਿਸ ਕੋਲ ਹਾਂਗਕਾਂਗ ਵਿੱਚ ਰਹਿਣ ਦੀ ਮੰਨਣਯੋਗ ਇਜਾਜ਼ਤ ਹੁੰਦੀ ਹੈ[ਨੋਟ [6]] ਅਤੇ ਉਪਰੋਕਤ (B)(ii) ਵਿੱਚ ਜ਼ਿਕਰ ਕੀਤੇ ਵਿਅਕਤੀਆਂ ਦੀਆਂ ਕਿਸਮਾਂ ਨਾਲ ਸਬੰਧਤ ਨਹੀਂ ਹੈ; ਅਤੇ

(C) ਵਿਅਕਤੀ ਹਾਂਗਕਾਂਗ ਤੋਂ ਪੱਕੇ ਤੌਰ 'ਤੇ ਵਿਦਾ ਨਾ ਹੋਇਆ ਹੋਵੇ ਅਤੇ ਨਾ ਹੀ ਅਜਿਹਾ ਕਰਨ ਦਾ ਇਰਾਦਾ ਰੱਖਦਾ ਹੋਵੇ [ਨੋਟ 8]।

[ਨੋਟ 1: ਨਿਸ਼ਚਿਤ ਮਾਪਦੰਡ (ਜਿਵੇਂ ਕਿ ਮਾਪਦੰਡ (A) ਤੋਂ (C)) ਅਤੇ ਵਿਅਕਤੀਗਤ ਰਜਿਸਟ੍ਰੇਸ਼ਨ ਕਰਾਉਣ ਵਾਲਿਆਂ ਨਾਲ ਸਬੰਧਤ ਕਿਸੇ ਵੀ ਹੋਰ ਕਾਰਕ ਨੂੰ ਧਿਆਨ ਵਿੱਚ ਰੱਖਣ ਤੋਂ ਬਾਅਦ, ਹਾਂਗਕਾਂਗ ਵਿਸ਼ੇਸ਼ ਪ੍ਰਬੰਧਕੀ ਖੇਤਰ ਸਰਕਾਰ ("ਸਰਕਾਰ") ਵਿਅਕਤੀਗਤ ਰਜਿਸਟ੍ਰੇਸ਼ਨ ਕਰਾਉਣ ਵਾਲਿਆਂ ਦੀ ਯੋਗਤਾ ਬਾਰੇ ਫੈਸਲਾ ਕਰਨ ਦਾ ਅਧਿਕਾਰ ਰਾਖਵਾਂ ਰੱਖਦੀ ਹੈ, ਜਿਨ੍ਹਾਂ ਨੂੰ ਸਰਕਾਰ 2023 ਖਪਤ ਵਾਊਚਰ ਸਕੀਮ ("ਸਕੀਮ") ਦੇ ਮੰਤਵ ਲਈ ਢੁਕਵਾਂ ਸਮਝਦੀ ਹੈ। (ਜਨਤਕ ਫੰਡਾਂ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਣਾ, ਸਕੀਮ ਦੀ ਦੁਰਵਰਤੋਂ ਨੂੰ ਰੋਕਣਾ, ਅਤੇ ਕਿਸੇ ਵੀ ਵੰਡ ਨੂੰ ਰੋਕਣਾ, ਜੋ ਕਿ ਕਿਸੇ ਵੀ ਲਾਗੂ ਕਾਨੂੰਨੀ ਵਿਵਸਥਾਵਾਂ ਜਾਂ ਲੋੜਾਂ ਦੇ ਉਲਟ ਹੋਵੇਗੀ, ਇਸ ਦੇ ਸਮੇਤ ਪਰ ਇਹ ਇਹਨਾਂ ਤੱਕ ਹੀ ਸੀਮਿਤ ਨਹੀਂ ਹੈ)।]

[ਨੋਟ 2: ਇੱਕ ਰਜਿਸਟਰਕਰਤਾ ਨੂੰ HKPIC 'ਤੇ ਦਸਤਾਵੇਜ਼ੀ ਸਬੂਤ ਦੇ ਸਬੰਧ ਵਿੱਚ ਮਾਪਦੰਡ (B)(i) ਨੂੰ ਪੂਰਾ ਕਰਨ ਵਾਲਾ ਵੀ ਮੰਨਿਆ ਜਾਂਦਾ ਹੈ, ਜੇਕਰ ਉਹ/ ਉਹ ਇੱਕ HKPIC (ਅਰਥਾਤ ROP140/ROP140A) ਲਈ ਇੱਕ ਮੰਨਣਯੋਗ ਸੰਗ੍ਰਹਿ ਮਿਆਦ ਦੇ ਨਾਲ ਅਰਜ਼ੀ ਦੀ ਰਸੀਦ ਰੱਖਦਾ ਹੈ।]

[ਨੋਟ 3: ਸਕੀਮ ਦੇ ਮੰਤਵ ਲਈ, ਇੱਕ ਮੰਨਣਯੋਗ HKIC ਜਾਂ EC ਰੱਖਣ ਵਾਲੇ ਰਜਿਸਟਰਕਰਤਾ ਨੂੰ ਵੀ ਮਾਪਦੰਡ (B)(i) ਨੂੰ ਪੂਰਾ ਕਰਨ ਵਾਲਾ ਮੰਨਿਆ ਜਾਂਦਾ ਹੈ, ਜੇਕਰ ਉਹ (ਮਰਦ)/ਉਹ (ਔਰਤ):-

(i) ਯੋਗਤਾ ਮਿਤੀ 'ਤੇ ਜਾਂ ਇਸ ਤੋਂ ਪਹਿਲਾਂ ਹਾਂਗਕਾਂਗ ਦੇ ਸਥਾਈ ਨਿਵਾਸੀ ਦਾ ਦਰਜਾ ਪ੍ਰਾਪਤ ਕਰਨ ਲਈ ਯੋਗ ਹੈ; ਅਤੇ

(ii) ਉਸ ਨੇ ਸਥਾਈ ਸ਼ਨਾਖਤੀ ਕਾਰਡ ("VEPIC") ਲਈ ਯੋਗਤਾ ਦੀ ਤਸਦੀਕ ਲਈ ਪਰਵਾਸ ਵਿਭਾਗ ਨੂੰ ਯੋਗਤਾ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ ਕੋਈ ਬਿਨੈ-ਪੱਤਰ ਜਮ੍ਹਾਂ ਕਰਾਇਆ ਹੈ ਅਤੇ VEPIC ਐਪਲੀਕੇਸ਼ਨ ਨੂੰ ਬਾਅਦ ਵਿੱਚ 31 ਅਗਸਤ 2023 ਨੂੰ ਜਾਂ ਇਸ ਤੋਂ ਪਹਿਲਾਂ ਮਨਜ਼ੂਰ ਕੀਤਾ ਗਿਆ ਹੈ।]

[ਨੋਟ 4: ਇੱਕ ਰਜਿਸਟਰਕਰਤਾ ਨੂੰ HKIC 'ਤੇ ਦਸਤਾਵੇਜ਼ੀ ਸਬੂਤ ਦੇ ਸਬੰਧ ਵਿੱਚ ਮਾਪਦੰਡ (B)(ii) ਜਾਂ (B) (iii) ਨੂੰ ਪੂਰਾ ਕਰਨ ਵਾਲਾ ਵੀ ਮੰਨਿਆ ਜਾਂਦਾ ਹੈ, ਜੇਕਰ ਉਸ (ਮਰਦ)/ਉਸ (ਔਰਤ) ਕੋਲ HKIC (ਜਿਵੇਂ ROP140/ROP140A) ਲਈ ਅਰਜ਼ੀ ਦੀ ਰਸੀਦ ਹੁੰਦੀ ਹੈ, ਜਿਸ ਦੀ ਮੰਨਣਯੋਗ ਸੰਗ੍ਰਹਿ ਦੀ ਮਿਆਦ ਹੁੰਦੀ ਹੈ।

ਇੱਕ ਹਾਂਗਕਾਂਗ ਨਿਵਾਸੀ, ਜਿਸ ਕੋਲ ਯੋਗਤਾ ਮਿਤੀ 'ਤੇ HKIC ਜਾਂ ROP140/ROP140A ਨਹੀਂ ਹੈ, ਪਰ ਯੋਗਤਾ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ ਹਾਂਗਕਾਂਗ ਆਇਆ ਹੈ ਅਤੇ ਉਸਨੇ 30 ਮਈ ਅਤੇ 27 ਜੂਨ 2023 ਦੇ ਵਿਚਕਾਰ HKIC (ਜਾਂ ਮੰਨਣਯੋਗ ਸੰਗ੍ਰਹਿ ਦੀ ਮਿਆਦ ਦੇ ਨਾਲ ਇੱਕ ROP140/ROP140A) ਪ੍ਰਾਪਤ

ਕੀਤਾ ਹੈ ਅਤੇ ਉਸ ਨੂੰ HKIC 'ਤੇ ਦਸਤਾਵੇਜ਼ੀ ਸਬੂਤ ਦੇ ਸਬੰਧ ਵਿੱਚ ਮਾਪਦੰਡ (B)(ii) ਜਾਂ B(iii) ਨੂੰ ਪੂਰਾ ਕਰਨ ਵਾਲਾ ਮੰਨਿਆ ਜਾਂਦਾ ਹੈ।

ਸਕੀਮ ਦੇ ਮੰਤਵ ਲਈ, HKIC ਕਾਰਡ ਦੇ ਸਾਹਮਣੇ ਵਾਲੇ ਪਾਸੇ 'ਤੇ "ਹਾਂਗ ਕਾਂਗ ਪਛਾਣ ਪੱਤਰ" ਲਫ਼ਜਾਂ ਵਾਲੇ ਇੱਕ ਪਛਾਣ ਪੱਤਰ ਦਾ ਹਵਾਲਾ ਦਿੰਦਾ ਹੈ।]

[ਨੋਟ 5: ਹਾਂਗ ਕਾਂਗ ਦਾ ਇੱਕ ਨਿਵਾਸੀ, ਜੋ ਯੋਗਤਾ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ ਹਾਂਗਕਾਂਗ ਪਹੁੰਚਦਾ ਹੈ ਅਤੇ ਜਿਸ ਨੂੰ 30 ਮਈ ਅਤੇ 27 ਜੂਨ 2023 ਦੇ ਵਿਚਕਾਰ EC ਮਿਲਦਾ ਹੈ, ਉਸ ਨੂੰ EC 'ਤੇ ਦਸਤਾਵੇਜ਼ੀ ਸਬੂਤ ਦੇ ਸਬੰਧ ਵਿੱਚ ਮਾਪਦੰਡ (B)(ii) ਜਾਂ B(iii) ਨੂੰ ਪੂਰਾ ਕਰਨ ਵਾਲਾ ਮੰਨਿਆ ਜਾਂਦਾ ਹੈ।]

[ਨੋਟ 6: ਸਕੀਮ ਦੇ ਮੰਤਵ ਲਈ, "ਹਾਂਗਕਾਂਗ ਵਿੱਚ ਰਹਿਣ ਦੀ ਮੰਨਯਯੋਗ ਇਜਾਜ਼ਤ" ਦਾ ਮਤਲਬ ਹੈ ਇਮੀਗ੍ਰੇਸ਼ਨ ਆਰਡੀਨੈਂਸ, ਕੈਪ. 115 ਹਾਂਗਕਾਂਗ ਵਿੱਚ ਰਹਿਣ ਲਈ, ਹਾਂਗਕਾਂਗ ਵਿੱਚ ਮਹਿਮਾਨਾਂ ਵਜੋਂ ਰਹਿਣ ਦੀ ਇਜਾਜ਼ਤ ਨੂੰ ਛੱਡਕੇ।]

[ਨੋਟ 7: ਹੇਠਾਂ ਦਿੱਤੇ ਵਿਅਕਤੀ, ਹਾਂਗਕਾਂਗ ਦੇ ਨਿਵਾਸੀ ਹੋਣ ਦੇ ਬਾਵਜੂਦ ਕੈਪ. 177A (ਜਿੱਥੇ ਲਾਗੂ ਹੋਵੇ) ਦੇ ਅਧੀਨ ਰਜਿਸਟਰੇਸ਼ਨ ਕਮਿਸ਼ਨਰ ਦੁਆਰਾ ਜਾਰੀ ਇੱਕ ਮੰਨਣਯੋਗ HKIC ਜਾਂ EC ਰੱਖਦੇ ਹਨ, ਜਿਸ ਕੋਲ ਹਾਂਗਕਾਂਗ ਵਿੱਚ ਰਹਿਣ ਦੀ ਮੰਨਣਯੋਗ ਇਜਾਜ਼ਤ ਹੁੰਦੀ ਹੈ, ਉਹ ਸਕੀਮ ਲਈ ਅਯੋਗ ਹਨ -

- ਕੋਈ ਵੀ ਵਿਅਕਤੀ, ਜੋ ਕਿ ਸਰਕਾਰੀ ਆਯਾਤ ਲੇਬਰ ਸਕੀਮ ਦੇ ਤਹਿਤ ਹਾਂਗਕਾਂਗ ਦੇ ਬਾਹਰੋਂ ਇੱਕ ਠੇਕੇ ਵਾਲੇ ਵਰਕਰ ਵਜੋਂ ਕੰਮ ਕਰਦਾ ਹੈ; ਜਾਂ
- ਹਾਂਗ ਕਾਂਗ ਤੋਂ ਬਾਹਰ ਹਾਊਸਕੀਪਰ ਦੇ ਤੌਰ 'ਤੇ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ; ਜਾਂ
- ਕੋਈ ਵੀ ਵਿਅਕਤੀ, ਜੋ ਕੌਂਸਲਰ ਰਿਲੇਸ਼ਨਜ਼ ਆਰਡੀਨੈਂਸ, ਕੈਪ. 557; ਜਾਂ ਇਸਦੇ ਅਰਥ ਦੇ ਅੰਦਰ ਕੌਂਸਲਰ ਪੋਸਟ ਦਾ ਮੈਂਬਰ ਹੈ।
- ਕੋਈ ਵੀ ਵਿਅਕਤੀ, ਜੋ ਹਾਂਗ ਕਾਂਗ ਗੈਰੀਸਨ ਦਾ ਮੈਂਬਰ ਹੈ; ਜਾਂ
- ਕੋਈ ਵੀ ਕੇਂਦਰੀ ਪੀਪਲ'ਸ ਸਰਕਾਰ ਦੇ ਨਿਰਧਾਰਤ ਯਾਤਰਾ ਦਸਤਾਵੇਜ਼ਾਂ ਵਾਲਾ ਵਿਅਕਤੀ]

[ਨੋਟ 8: ਸਕੀਮ ਦੇ ਮੰਤਵ ਲਈ, ਇਹ ਨਿਰਧਾਰਤ ਕਰਦੇ ਸਮੇਂ ਕਿ ਕੀ ਕਿਸੇ ਵਿਅਕਤੀ ਨੇ ਹਾਂਗਕਾਂਗ ਨੂੰ ਸਥਾਈ ਤੌਰ 'ਤੇ ਛੱਡ ਦਿੱਤਾ ਹੈ ਜਾਂ ਨਹੀਂ, ਸਰਕਾਰ ਹੇਠਾਂ ਦਿੱਤੇ ਕਾਰਕਾਂ 'ਤੇ ਵਿਚਾਰ ਕਰੇਗੀ, ਪਰ ਇਹਨਾਂ ਤੱਕ ਸੀਮਿਤ ਨਹੀਂ ਹੈ -

(a) ਕੀ ਵਿਅਕਤੀ ਨੇ ਯੋਗਤਾ ਦੀ ਮਿਤੀ ਤੋਂ ਤੁਰੰਤ ਪਹਿਲਾਂ 36 ਮਹੀਨਿਆਂ ਲਈ ਲਗਾਤਾਰ ਹਾਂਗਕਾਂਗ ਛੱਡਿਆ ਹੈ ਅਤੇ, ਜੇਕਰ ਹਾਂ, ਤਾਂ ਕੀ ਕਥਿਤ ਮਿਆਦ ਦੇ ਦੌਰਾਨ, ਉਹ (ਮਰਦ)/ਉਹ (ਔਰਤ):

(i) ਪੋਰਟੇਬਲ ਵਿਆਪਕ ਸਮਾਜਿਕ ਸੁਰੱਖਿਆ ਸਹਾਇਤਾ ਸਕੀਮ, ਗੁਆਂਗਡੋਂਗ ਸਕੀਮ ਹੇਠ ਭੱਤਾ ਜਾਂ ਫੁਜਿਆਨ ਸਕੀਮ ਹੇਠ ਭੱਤਾ ਦਾ ਪ੍ਰਾਪਤਕਰਤਾ ਹੈ;

(ii) ਹਾਂਗਕਾਂਗ ਤੋਂ ਬਾਹਰ ਕਿਸੇ ਸਕੂਲ/ਯੂਨੀਵਰਸਿਟੀ ਵਿੱਚ ਪੜ੍ਹਦਾ/ਪੜ੍ਹਦੀ ਹੈ, ਜਿਸ ਨੂੰ ਸਬੰਧਤ ਅਥਾਰਟੀਆਂ ਦੁਆਰਾ ਮਾਨਤਾ ਪ੍ਰਾਪਤ ਹੈ;

(iii) ਕਿਰਤ ਮੰਤਰਾਲੇ ਦੁਆਰਾ ਸੰਚਾਲਿਤ ਵਰਕਿੰਗ ਹੋਲੀਡੇ ਸਕੀਮ ਵਿੱਚ ਭਾਗੀਦਾਰ ਹੈ;

(iv) ਡਾਕਟਰੀ ਕਾਰਨਾਂ ਕਰਕੇ ਹਾਂਗਕਾਂਗ ਤੋਂ ਬਾਹਰ ਹਸਪਤਾਲ ਵਿੱਚ ਭਰਤੀ ਹੈ;

(v) ਅਸਥਾਈ ਤੌਰ 'ਤੇ ਸਰਕਾਰ ਲਈ ਹਾਂਗਕਾਂਗ ਤੋਂ ਬਾਹਰ ਜਾਂ ਹਾਂਗਕਾਂਗ ਵਿੱਚ ਸਥਿਤ ਕਿਸੇ ਕੰਪਨੀ/ਸੰਗਠਨ ਲਈ ਡਿਊਟੀਆਂ ਨਿਭਾਉਂਦਾ/ਨਿਭਾਉਂਦੀ ਹੈ* ਜਾਂ ਅਜਿਹੇ ਫਰਜ਼ਾਂ ਨੂੰ ਨਿਭਾਉਣ ਵਾਲੇ ਕਿਸੇ ਨਜ਼ਦੀਕੀ ਪਰਿਵਾਰਕ ਮੈਂਬਰ ਦੇ ਨਾਲ ਰਹਿੰਦਾ/ਰਹਿੰਦੀ ਹੈ ਅਤੇ/ਜਾਂ

(vi) ਸਰਕਾਰ ਦੁਆਰਾ ਸਕੀਮ ਦੇ ਉਦੇਸ਼ ਲਈ ਮੰਨਣਯੋਗ ਦੇ ਤੌਰ 'ਤੇ ਨਿਰਧਾਰਤ ਕੀਤੇ ਗਏ ਹੋਰ ਬੇਮਿਸਾਲ ਕਾਰਨ (ਕਾਰਨਾਂ) ਹੋਣ; ਅਤੇ

**ਸਕੀਮ ਦੇ ਮੰਤਵ ਲਈ, ਇਸਦਾ ਮਤਲਬ ਹੈ ਕਿ ਵਿਅਕਤੀ ਹਾਂਗਕਾਂਗ ਵਿੱਚ ਸਥਿਤ ਕਿਸੇ ਕੰਪਨੀ ਜਾਂ ਸੰਸਥਾ ਦੁਆਰਾ ਨੌਕਰੀ ਕਰਦਾ ਹੋਵੇ ਅਤੇ ਅਸਥਾਈ ਤੌਰ 'ਤੇ ਹਾਂਗਕਾਂਗ ਤੋਂ ਬਾਹਰ ਕੰਮ ਕਰਨ ਲਈ ਤਾਇਨਾਤ ਕੀਤਾ ਗਿਆ ਹੋਵੇ, ਅਤੇ ਤੈਨਾਤੀ ਤੋਂ ਬਾਅਦ ਹਾਂਗਕਾਂਗ ਵਾਪਸ ਜਾਣ ਦਾ ਇਰਾਦਾ ਰੱਖਦਾ ਹੋਵੇ।*

(b) ਚਾਹੇ ਯੋਗਤਾ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ, ਵਿਅਕਤੀ ਨੇ ਹਾਂਗਕਾਂਗ ਤੋਂ ਸਥਾਈ ਵਿਦਾਇਗੀ ਦੇ ਆਧਾਰ 'ਤੇ 65 ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਆਪਣੇ (ਮਰਦ)/ਆਪਣੇ (ਔਰਤ) ਲਾਜ਼ਮੀ ਪ੍ਰਾਵੀਡੈਂਟ ਫੰਡ ("MPF") ਜਾਂ MPF ਛੋਟ ਪ੍ਰਾਪਤ ਕਿੱਤਾਮੁਖੀ ਰਿਟਾਇਰਮੈਂਟ ਸਕੀਮਾਂ ਦੇ ਤਹਿਤ ਲਾਭਾਂ ਨੂੰ ਵਾਪਸ ਲੈਣ ਲਈ MPF ਕਾਨੂੰਨ ਦੇ ਤਹਿਤ ਕੋਈ ਵੀ ਮੰਨਣਯੋਗ ਦਾਅਵੇ ਦੀਆਂ ਬੇਨਤੀਆਂ ਜਮ੍ਹਾਂ ਕਰਵਾਈਆਂ ਹਨ; ਅਤੇ

(c) ਭਾਵੇਂ ਯੋਗਤਾ ਮਿਤੀ 'ਤੇ, ਵਿਅਕਤੀ ਕੋਲ ਮੰਨਣਯੋਗ ਸਥਾਨਕ ਤੌਰ 'ਤੇ ਜਾਰੀ ਕੀਤਾ HKPIC ਹੋਵੇ, ਜੇਕਰ ਉਹ (ਮਰਦ)/ਉਹ (ਔਰਤ) ਹਾਂਗਕਾਂਗ ਦਾ/ਦੀ ਸਥਾਈ ਨਿਵਾਸੀ ਹੈ; ਅਤੇ

(d) ਚਾਹੇ ਅਜਿਹਾ ਕੋਈ ਸਬੂਤ ਜਾਂ ਜਾਣਕਾਰੀ ਹੋਵੇ, ਜਿਸ ਦੇ ਆਧਾਰ 'ਤੇ ਸਰਕਾਰ ਦਾ ਮੰਨਣਾ ਹੈ ਕਿ ਵਿਅਕਤੀ ਦਾ ਆਉਣ ਵਾਲੇ ਭਵਿੱਖ ਵਿੱਚ ਹਾਂਗਕਾਂਗ ਵਾਪਸ ਜਾਣ ਦਾ ਕੋਈ ਇਰਾਦਾ ਨਹੀਂ ਹੁੰਦਾ।]

**<u>ਵਾਊਚਰ ਮੁੱਲ</u>**

| | **ਯੋਗਤਾ ਮਾਪਦੰਡ (A) ਨੂੰ ਪੂਰਾ ਕਰਨ ਵਾਲੇ ਰਜਿਸਟਰਕਰਤਾਵਾਂ ਲਈ; (B)(i) ਜਾਂ (B)(ii); ਅਤੇ (C)** | **ਯੋਗਤਾ ਮਾਪਦੰਡ (A) ਨੂੰ ਪੂਰਾ ਕਰਨ ਵਾਲੇ ਰਜਿਸਟਰਕਰਤਾਵਾਂ ਲਈ; (B)(iii); ਅਤੇ (C)** |
|---|---|---|
| **ਮੌਜੂਦਾ ਰਜਿਸਟਰ-ਕਰਤਾਵਾਂ (ਭਾਵ ਯੋਗ** | $2,000 | $1,000 |

| | | |
|---|---|---|
| **ਰਜਿਸਟਰਕਰਤਾਵਾਂ ਜਿਨ੍ਹਾਂ ਨੂੰ 16 ਅਪ੍ਰੈਲ 2023 ਨੂੰ ਪਹਿਲੀ ਕਿਸ਼ਤ ਵਾਊਚਰ ਨਾਲ ਵੰਡਿਆ ਗਿਆ ਸੀ)** | | |
| **ਨਵੇਂ ਰਜਿਸਟਰਕਰਤਾ** | $5,000 | $2,500 |

**<u>ਰਜਿਸਟ੍ਰੇਸ਼ਨ, ਸੰਗ੍ਰਹਿ ਅਤੇ ਵਰਤੋਂ</u>**

ਯੋਗ ਵਿਅਕਤੀ ਨਿਮਨਲਿਖਤ ਸਟੋਰਡ ਵੈਲਿਊ ਫੈਸਿਲਿਟੀਜ਼ ("SVFs") ਵਿੱਚੋਂ ਕਿਸੇ ਇੱਕ ਰਾਹੀਂ ਵਾਊਚਰ ਇਕੱਠੇ ਕਰ ਸਕਦੇ ਹਨ: Alipay HK, BoC Pay, Octopus, HSBC ਤੋਂ PayMe, Tap & Go ਅਤੇ WeChat Pay HK।

***ਰਜਿਸਟ੍ਰੇਸ਼ਨ***

ਉਹਨਾਂ ਰਜਿਸਟਰਕਰਤਾਵਾਂ ਲਈ, ਜਿਨ੍ਹਾਂ ਨੇ 2023 ਖਪਤ ਵਾਊਚਰ ਸਕੀਮ ਹੇਠ ਪਹਿਲੀ ਕਿਸ਼ਤ ਦੇ ਤਹਿਤ ਖਪਤ ਵਾਊਚਰ ਪ੍ਰਾਪਤ ਕੀਤਾ ਹੈ,ਜਦੋਂ ਤੱਕ ਉਹ ਆਪਣੇ ਰਜਿਸਟ੍ਰੇਸ਼ਨ ਡੇਟਾ ਵਿੱਚ ਸੋਧ ਨਹੀਂ ਕਰਨਾ ਚਾਹੁੰਦੇ (ਵਾਊਚਰ ਪ੍ਰਾਪਤ ਕਰਨ ਲਈ SVF ਖਾਤੇ ਸਮੇਤ), ਉਹਨਾਂ ਨੂੰ ਦੁਬਾਰਾ ਰਜਿਸਟਰ ਕਰਨ ਦੀ ਲੋੜ ਨਹੀਂ ਹੈ ਅਤੇ ਉਹਨਾਂ ਦੀ ਯੋਗਤਾ ਦੀ ਤਸਦੀਕ ਹੋਣ ਤੋਂ ਬਾਅਦ, ਉਹਨਾਂ ਨੂੰ ਉਸੇ SVF ਖਾਤੇ ਰਾਹੀਂ ਆਪਣੇ ਆਪ ਬਾਕੀ ਬਚੇ ਵਾਊਚਰ ਮਿਲਣਗੇ। ਜੇਕਰ ਉਹ ਰਜਿਸਟ੍ਰੇਸ਼ਨ ਡੇਟਾ ਵਿੱਚ ਸੋਧ ਕਰਨਾ ਚਾਹੁੰਦੇ ਹਨ ਜਾਂ ਉਹਨਾਂ ਨੇ 2022 ਖਪਤ ਵਾਊਚਰ ਸਕੀਮ ਲਈ ਸਫਲਤਾਪੂਰਵਕ ਰਜਿਸਟਰ ਨਹੀਂ ਕੀਤਾ ਹੈ, ਤਾਂ ਉਹ ਸਕੀਮ ਦੀ ਵੈੱਬਸਾਈਟ (www.consumptionvoucher.gov.hk) ਵਿੱਚ ਕੇਂਦਰੀ ਰਜਿਸਟ੍ਰੇਸ਼ਨ ਪੋਰਟਲ ਰਾਹੀਂ 5 ਤੋਂ 27 ਜੂਨ ਦੌਰਾਨ ਆਨ-ਲਾਈਨ ਸੋਧ/ਰਜਿਸਟਰ ਕਰ ਸਕਦੇ ਹਨ ਜਾਂ ਉਹ ਅਸਥਾਈ ਸੇਵਾ ਕੇਂਦਰਾਂ ਵਿੱਚੋਂ ਕਿਸੇ ਇੱਕ 'ਤੇ ਜਾ ਸਕਦੇ ਹਨ (ਕਿਰਪਾ ਕਰਕੇ ਸੇਵਾ ਕੇਂਦਰਾਂ 'ਤੇ ਜਾਣ ਤੋਂ ਪਹਿਲਾਂ ਮੁਲਾਕਾਤ ਲਈ 18 5000 'ਤੇ ਕਾਲ ਕਰੋ)।

**<u>ਆਰਜੀ ਸੇਵਾ ਕੇਂਦਰ</u>**

**<u>ਹਾਂਗ ਕਾਂਗ ਟਾਪੂ</u>**

1. 34/F, ਰੈਵੇਨਿਊ ਟਾਵਰ, 5 ਗਲੋਸਟਰ ਰੋਡ, ਵਾਨ ਚਾਈ
2. ਯੂਨਿਟ 1202, 12/F, ਓਲੰਪੀਆ ਪਲਾਜ਼ਾ, 255 ਕਿੰਗ'ਜ਼ ਰੋਡ, ਨੌਰਥ ਪੁਆਇੰਟ

**<u>ਕੋਲੂਨ</u>**

3. ਯੂਨਿਟ 1834-1838, 18/F, ਪਾਇਨੀਅਰ ਸੈਂਟਰ, 750 ਨਾਥਨ ਰੋਡ, ਮੋਂਗ ਕੋਕ
4. ਯੂਨਿਟ ਡੀ, 30/F, ਲੀਜੈਂਡ ਟਾਵਰ, 7 ਸ਼ਿੰਗ ਯਿੱਪ ਸਟ੍ਰੀਟ, ਕਵੂਨ ਟੋਂਗ

**<u>ਨਵੇਂ ਖੇਤਰ</u>**

5. ਯੂਨਿਟਾਂ 906 - 907, 9/F, ਔਕਟਾਗੋਨ, 6 ਸ਼ਾ ਸੁਈ ਰੋਡ, ਸੁਏਨ ਵਾਨ
6. ਲੋਂਗ ਕਿੰਗ ਅਸਟੇਟ ਕਮਿਊਨਿਟੀ ਕੇਂਦਰ, ਲੋਂਗ ਕਿੰਗ ਅਸਟੇਟ, ਟੂਏਨ ਮੁਨ
7. ਟਿਨ ਚਿੰਗ ਕਮਿਊਨਿਟੀ ਹਾਲ, ਟਿਨ ਚਿੰਗ ਅਸਟੇਟ, ਟਿਨ ਸ਼ੂਈ ਵਾਈ, ਯੂਏਨ ਲੌਂਗ
8. ਯੂਨਿਟ 2310, 23/F, ਮੈਟਰੋਪੋਲ ਸਕੁਆਇਰ, 2 ਯੀਯੂ ਸਟ੍ਰੀਟ 'ਤੇ, ਸ਼ੇਕ ਮੁਨ, ਸ਼ਾ ਟੀਨ
9. ਕਾਨਫਰੰਸ ਰੂਮ, ਕਵਾਂਗ ਫੁਕ ਕਮਿਊਨਿਟੀ ਹਾਲ, ਕਵਾਂਗ ਫੁਕ ਅਸਟੇਟ, ਤਾਈ ਪੋ

***ਸੰਗ੍ਰਹਿ***

ਸਫਲ ਰਜਿਸਟਰਕਰਤਾ, ਜੋ ਔਕਟੋਪਸ ਦੀ ਚੋਣ ਕਰਦੇ ਹਨ, ਹੇਠਾਂ ਦਿੱਤੇ ਚੈਨਲਾਂ ਰਾਹੀਂ ਖਪਤ ਵਾਊਚਰ ਇਕੱਠੇ ਕਰ ਸਕਦੇ ਹਨ:

1. MTR ਸਟੇਸ਼ਨਾਂ, ਲਾਈਟ ਰੇਲ ਗਾਹਕ ਸੇਵਾ ਕੇਂਦਰਾਂ, ਮਨੋਨੀਤ ਜਨਤਕ ਟਰਾਂਜ਼ਿਟ ਇੰਟਰਚੇਂਜ, ਅਤੇ ਮਨੋਨੀਤ ਫੈਰੀ ਡੌਕਸ 'ਤੇ ਸਬਸਿਡੀ ਕਲੈਕਸ਼ਨ ਪੁਆਇੰਟ;
2. 7-Eleven, Circle K, Wellcome, Market Place by Jasons, Market Place, 3hreesixty ਅਤੇ Jasons ichiba ਦੇ ਸਾਰੇ ਸਟੋਰ;
3. ਔਕਟੋਪਸ ਸਰਵਿਸ ਪੁਆਇੰਟ; ਅਤੇ
4. ਔਕਟੋਪਸ ਐਪ।

Alipay HK, BoC Pay, HSBC ਦੇ PayMe, Tap & Go, ਅਤੇ WeChat Pay HK ਨੂੰ ਚੁਣਨ ਵਾਲੇ ਸਫਲ ਰਜਿਸਟਰਕਰਤਾਵਾਂ ਲਈ, ਖਪਤ ਵਾਊਚਰ ਨੂੰ ਸਿੱਧੇ ਰਜਿਸਟਰਡ SVF ਖਾਤੇ ਵਿੱਚ ਕ੍ਰੈਡਿਟ ਕੀਤਾ ਜਾਵੇਗਾ।

***ਵਰਤੋਂ***

ਖਪਤ ਦੇ ਵਾਊਚਰ ਸਥਾਨਕ ਰਿਟੇਲ ਆਊਟਲੇਟਾਂ, ਕੇਟਰਿੰਗ ਅਤੇ ਸਰਵਿਸ ਆਊਟਲੈਟਸ ਜਾਂ ਉਹਨਾਂ ਦੇ ਆਨਲਾਈਨ ਪਲੇਟਫਾਰਮਾਂ 'ਤੇ ਰੀਡੀਮ ਕੀਤੇ ਜਾ ਸਕਦੇ ਹਨ।ਹੇਠਾਂ ਦਿੱਤੀਆਂ ਟ੍ਰਾਂਜੈਕਸ਼ਨ ਆਈਟਮਾਂ ਨੂੰ ਬਾਹਰ ਰੱਖਿਆ ਗਿਆ ਹੈ:

- ਸਰਕਾਰ ਨੂੰ ਭੁਗਤਾਨ (ਜਿਵੇਂ ਕਿ ਟੈਕਸ, ਜੁਰਮਾਨੇ, ਲਾਇਸੈਂਸ ਫੀਸ, ਸੁਰੰਗ ਟੋਲ, ਪਾਰਕਿੰਗ ਮੀਟਰ)
- ਉਪਯੋਗਤਾਵਾਂ ਲਈ ਭੁਗਤਾਨ (ਜਿਵੇਂ ਕਿ ਪਾਣੀ, ਬਿਜਲੀ ਅਤੇ ਗੈਸ)
- ਜਨਤਕ ਅਥਾਰਟੀਆਂ ਨੂੰ ਭੁਗਤਾਨ (ਜਿਵੇਂ ਕਿ ਹਸਪਤਾਲ ਅਥਾਰਟੀ, ਹਾਂਗ ਕਾਂਗ ਹਾਊਸਿੰਗ ਅਥਾਰਟੀ, ਹਾਂਗ ਕਾਂਗ ਹਾਊਸਿੰਗ ਸੋਸਾਇਟੀ)

- ਸਿੱਖਿਆ ਦੇ ਖਰਚੇ (ਜਿਵੇਂ ਕਿ ਸਥਾਨਕ ਅਤੇ ਬਾਹਰੀ ਪਾਠਕ੍ਰਮ ਦੀ ਪੇਸ਼ਕਸ਼ ਕਰਨ ਵਾਲੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਅਤੇ UGC ਦੁਆਰਾ ਫੰਡ ਪ੍ਰਾਪਤ ਯੂਨੀਵਰਸਿਟੀਆਂ ਲਈ ਭੁਗਤਾਨ)
- ਵਿੱਤੀ ਉਤਪਾਦਾਂ ਜਾਂ ਸੇਵਾਵਾਂ ਨੂੰ ਖਰੀਦਣਾ (ਜਿਵੇਂ ਕਿ ਬੀਮਾ)
- ਦਾਨ (ਦਾਨੀ, ਧਾਰਮਿਕ ਅਤੇ ਰਾਜਨੀਤਿਕ ਸੰਸਥਾਵਾਂ ਸਮੇਤ)
- ਹਾਂਗਕਾਂਗ ਤੋਂ ਬਾਹਰ ਦੇ ਵਪਾਰੀਆਂ ਤੋਂ ਸਿੱਧੀ ਖਰੀਦਾਰੀ (ਗੈਰ-ਸਥਾਨਕ ਆਨਲਾਈਨ ਪਲੇਟਫਾਰਮਾਂ ਰਾਹੀਂ ਸਥਾਨਕ ਤੌਰ 'ਤੇ ਕੀਤੀਆਂ ਆਨਲਾਈਨ ਖਰੀਦਾਂ ਸਮੇਤ)
- ਵਿਅਕਤੀ-ਤੋਂ-ਵਿਅਕਤੀ ਭੁਗਤਾਨ
- ਕੈਸ਼ ਕਰਵਾਉਣਾ

**<u>ਸਮਾਂ-ਸਾਰਣੀ</u>**

***ਮੌਜੂਦਾ ਰਜਿਸਟਰਕਰਤਾਵਾਂ (ਉਦਾਹਰਨ ਲਈ, ਯੋਗ ਰਜਿਸਟਰਕਰਤਾਵਾਂ, ਜਿਨ੍ਹਾਂ ਨੂੰ 16 ਅਪ੍ਰੈਲ, 2023 ਨੂੰ $3,000 ਜਾਂ $1,500 ਦੀ ਪਹਿਲੀ ਕਿਸ਼ਤ ਦਾ ਵਾਊਚਰ ਮਿਲਿਆ ਸੀ)***

*ਆਕਟੋਪਸ*

| **ਦੂਜੀ ਕਿਸ਼ਤ ($2,000 ਜਾਂ $1,000)** |
|---|
| ਜਦੋਂ ਸੰਚਤ ਕੁੱਲ "ਯੋਗ ਖਰਚ" ਪਹਿਲੀ ਕਿਸ਼ਤ ਦੇ ਵਾਊਚਰ ਦੀ ਰਕਮ (ਜਿਵੇਂ ਕਿ $3,000 ਜਾਂ $1,500) ਤੱਕ ਪਹੁੰਚ ਜਾਂਦੀ ਹੈ, ਤਾਂ $2,000 ਜਾਂ $1,000 ਦੀ ਦੂਜੀ ਕਿਸ਼ਤ ਦਾ ਵਾਊਚਰ ਅਗਲੇ ਮਹੀਨੇ ਦੀ 16 ਤਾਰੀਖ ਨੂੰ ਵੰਡਿਆ ਜਾਵੇਗਾ * (16 ਜੁਲਾਈ 2023 ਸਭ ਤੋਂ ਪਹਿਲਾਂ; 16 ਨਵੰਬਰ 2023 ਨਵੀਨਤਮ)।<br><br>**ਸਿਰਫ ਮੌਜੂਦਾ ਰਜਿਸਟਰਕਰਤਾਵਾਂ ਤੱਕ ਸੀਮਿਤ, ਜਿਨ੍ਹਾਂ ਨੇ ਆਕਟੋਪਸ ਰਾਹੀਂ ਪਹਿਲੀ ਕਿਸ਼ਤ ਦਾ ਵਾਊਚਰ ਪ੍ਰਾਪਤ ਕੀਤਾ ਹੈ। ਹੋਰ ਮੌਜੂਦਾ ਰਜਿਸਟਰਕਰਤਾਵਾਂ ਲਈ, ਜਿਨ੍ਹਾਂ ਨੇ ਦੂਜੀਆਂ SVFs ਰਾਹੀਂ ਪਹਿਲੀ ਕਿਸ਼ਤ ਦੇ ਵਾਊਚਰ ਇਕੱਠੇ ਕੀਤੇ ਹਨ, ਜੇਕਰ ਉਹ ਦੂਜੀ ਕਿਸ਼ਤ ਦੇ ਵਾਊਚਰ ਨੂੰ ਇਕੱਠਾ ਕਰਨ ਲਈ ਆਕਟੋਪਸ 'ਤੇ ਜਾਂਦੇ ਹਨ, ਤਾਂ ਦੂਜੀ ਕਿਸ਼ਤ ਦਾ ਵਾਊਚਰ 16 ਜੁਲਾਈ ਨੂੰ ਵੰਡਿਆ ਜਾਵੇਗਾ।* |

ਵਾਊਚਰ 30 ਜੂਨ 2024 ਤੱਕ ਇਕੱਠੇ ਕੀਤੇ ਜਾਣੇ ਚਾਹੀਦੇ ਹਨ।

*AlipayHK, BoC Pay, HSBC ਤੋਂ PayMe, Tap&Go, WeChat Pay HK*

| **ਭੁਗਤਾਨ ਦੀ ਮਿਤੀ** |
|---|
| **ਦੂਜੀ ਕਿਸ਼ਤ ($2,000 ਜਾਂ $1,000)** |
| 16 ਜੁਲਾਈ 2023 |

ਵਾਊਚਰ ਦੀ ਮਿਆਦ 29 ਫਰਵਰੀ 2024 ਨੂੰ ਖਤਮ ਹੋ ਜਾਵੇਗੀ।

***ਨਵੇਂ ਰਜਿਸਟਰਕਰਤਾ***

ਆਕਟੋਪਸ

| **ਦੂਜੀ ਕਿਸ਼ਤ ਦਾ ਪਹਿਲਾ ਵਾਊਚਰ ($3,000 ਜਾਂ $1,500)** |
| --- |
| 16 ਜੁਲਾਈ 2023 |
| **ਦੂਜੀ ਕਿਸ਼ਤ ਦਾ ਦੂਜਾ ਵਾਊਚਰ ($2,000 ਜਾਂ $1,000)** |
| ਜਦੋਂ ਸੰਚਤ ਕੁੱਲ "ਯੋਗ ਖਰਚ" ਪਹਿਲੀ ਕਿਸ਼ਤ ਦੇ ਵਾਊਚਰ ਦੀ ਰਕਮ (ਜਿਵੇਂ ਕਿ $3,000 ਜਾਂ $1,500) ਤੱਕ ਪਹੁੰਚ ਜਾਂਦੀ ਹੈ, ਤਾਂ $2,000 ਜਾਂ $1,000 ਦਾ ਦੂਜਾ ਵਾਊਚਰ ਅਗਲੇ ਮਹੀਨੇ ਦੀ 16 ਤਾਰੀਖ ਨੂੰ ਵੰਡਿਆ ਜਾਵੇਗਾ (16 ਅਕਤੂਬਰ 2023 ਸਭ ਤੋਂ ਪਹਿਲਾਂ; 16 ਫਰਵਰੀ 2024 ਸਭ ਤੋਂ ਅੰਤਮ)। |

ਵਾਊਚਰ 30 ਜੂਨ 2024 ਤੱਕ ਇਕੱਠੇ ਕੀਤੇ ਜਾਣੇ ਚਾਹੀਦੇ ਹਨ।

*AlipayHK, BoC Pay, HSBC ਤੋਂ PayMe, Tap&Go, WeChat Pay HK*

| **ਭੁਗਤਾਨ ਦੀ ਮਿਤੀ** |
| --- |
| **ਦੂਜੀ ਕਿਸ਼ਤ ਦਾ ਪਹਿਲਾ ਵਾਊਚਰ ($3,000 ਜਾਂ $1,500)** |
| 16 ਜੁਲਾਈ 2023 |
| **ਦੂਜੀ ਕਿਸ਼ਤ ਦਾ ਦੂਜਾ ਵਾਊਚਰ ($2,000 ਜਾਂ $1,000)** |
| 16 ਅਕਤੂਬਰ 2023 |

ਵਾਊਚਰ ਦੀ ਮਿਆਦ 29 ਫਰਵਰੀ 2024 ਨੂੰ ਖਤਮ ਹੋ ਜਾਵੇਗੀ।

<u>ਪੁੱਛਗਿੱਛਾਂ</u>

ਕਿਰਪਾ ਕਰਕੇ ਸਕੀਮ ਦੀ ਹੌਟਲਾਈਨ 18 5000 'ਤੇ ਕਾਲ ਕਰੋ।ਜੇਕਰ ਤੁਹਾਨੂੰ ਸਕੀਮ ਹੌਟਲਾਈਨ ਦੇ ਸਟਾਫ ਨਾਲ ਗੱਲ ਕਰਨ ਲਈ CHEER ਦੀ ਵਿਆਖਿਆ ਸੇਵਾ ਦੀ ਲੋੜ ਹੈ, ਤਾਂ ਕਿਰਪਾ ਕਰਕੇ CHEER ਦੀ ਹੌਟਲਾਈਨ ਨਾਲ 3755 6844 'ਤੇ ਸੰਪਰਕ ਕਰੋ।